| ਪਾਲਸੀ: | | |
|---|---|---|
| **ਨਫ਼ਰਤੀ ਜੁਰਮ** | | |
| ਪਾਲਸੀ ਕੋਡ: | ਲਾਗੂ ਹੋਣ ਦੀ ਤਾਰੀਕ: | ਕਰੌਸ-ਰੈਫਰੈਂਸਿਜ਼: |
| **HAT 1** | 1 ਮਾਰਚ, 2018 | ALT 1 CHA 1 VIC 1<br>VUL 1 YOU 1.4 |

"ਨਫ਼ਰਤੀ ਜੁਰਮ (ਹੇਟ ਕਰਾਈਮਜ਼)" ਉਹ ਮੁਜਰਮਾਨਾ ਅਪਰਾਧ ਹਨ ਜਿਹੜੇ ਦੋਸ਼ੀ ਦੇ ਹੋਰਨਾਂ ਪ੍ਰਤੀ ਪੱਖਪਾਤ, ਤੰਗਦਿਲੀ ਜਾਂ ਨਫ਼ਰਤ ਤੋਂ ਪ੍ਰੇਰਿਤ ਹੁੰਦੇ ਹਨ ਅਤੇ ਉਹ ਆਮ ਤੌਰ 'ਤੇ ਪੀੜਿਤਾਂ ਦੀ ਚੋਣ ਇਨ੍ਹਾਂ ਗੱਲਾਂ ਦੇ ਆਧਾਰ 'ਤੇ ਕਰਦਾ/ਕਰਦੀ ਹੈ। ਇਹ ਹੋਰਨਾਂ ਪ੍ਰਤੀ ਕੱਟੜਤਾ ਅਤੇ ਅਸਹਿਣਸ਼ੀਲਤਾਂ ਕਾਰਨ ਹੁੰਦੇ ਹਨ ਅਤੇ ਇਨ੍ਹਾਂ ਨੂੰ ਗੰਭੀਰ ਮਾਮਲੇ ਸਮਝਿਆ ਜਾਂਦਾ ਹੈ।

*ਕ੍ਰਿਮੀਨਲ ਕੋਡ* ਵਿਚ ਨਫ਼ਰਤੀ ਜੁਰਮਾਂ ਨਾਲ ਸੰਬੰਧਿਤ ਖਾਸ ਜੁਰਮ ਅਤੇ ਸਜ਼ਾਵਾਂ ਸ਼ਾਮਲ ਹਨ। ਜੁਰਮ ਬਾਰੇ ਧਾਰਾਵਾਂ ਨਫ਼ਰਤ ਤੋਂ ਪ੍ਰੇਰਿਤ ਖਾਸ ਕਿਸਮਾਂ ਦੇ ਵਤੀਰੇ ਤੋਂ ਮਨਾਹੀ ਕਰਦੀਆਂ ਹਨ ਅਤੇ ਉਸ ਵਤੀਰੇ ਲਈ ਸਜ਼ਾਵਾਂ ਦੇ ਖਾਸ ਮਾਪ-ਦੰਡ ਤਹਿ ਕਰਦੀਆਂ ਹਨ। ਸਾਰੇ ਜੁਰਮਾਂ ਲਈ, *ਕ੍ਰਿਮੀਨਲ ਕੋਡ* ਕਹਿੰਦਾ ਹੈ ਕਿ ਜਦੋਂ ਕੋਈ ਜੁਰਮ ਨਫ਼ਰਤ ਤੋਂ ਪ੍ਰੇਰਿਤ ਹੁੰਦਾ ਹੈ ਤਾਂ ਉਹ ਪ੍ਰੇਰਨਾ ਸਜ਼ਾ ਦੇਣ ਵੇਲੇ ਗੰਭੀਰ ਪੱਖ ਹੁੰਦੀ ਹੈ।

ਆਮ ਤੌਰ 'ਤੇ, *ਚਾਰਜ ਅਸੈੱਸਮੈਂਟ ਗਾਈਡਲਾਈਨਜ਼* (ਸੀ ਐੱਚ ਏ 1) ਵਿਚ ਦੱਸੇ ਗਏ ਜਨਤਕ ਹਿੱਤਾਂ ਦੇ ਪੱਖ ਨਫ਼ਰਤੀ ਜੁਰਮਾਂ ਲਈ ਮੁਕੱਦਮੇ ਦੀ ਹਿਮਾਇਤ ਕਰਦੇ ਹਨ, ਖਾਸ ਕਰਕੇ ਜਿੱਥੇ:

- ਪੀੜਿਤ ਨੂੰ ਬਹੁਤ ਸਾਰਾ ਨੁਕਸਾਨ ਪਹੁੰਚਾਇਆ ਗਿਆ ਹੁੰਦਾ ਹੈ
- ਪੀੜਿਤ ਕਮਜ਼ੋਰ ਵਿਅਕਤੀ ਸੀ
- ਜੁਰਮ, ਨਸਲ, ਦੇਸ਼ ਜਾਂ ਨਸਲੀ ਪਿਛੋਕੜ, ਬੋਲੀ, ਰੰਗ, ਧਰਮ, ਸੈਕਸ, ਉਮਰ, ਮਾਨਸਿਕ ਜਾਂ ਸਰੀਰਕ ਅਪਾਹਜਤਾ, ਕਾਮੁਕ ਰੁਚੀ ਜਾਂ ਇਸ ਤਰ੍ਹਾਂ ਦੇ ਕਿਸੇ ਹੋਰ ਪੱਖ ਦੇ ਆਧਾਰ 'ਤੇ ਪੱਖਪਾਤ, ਤੰਗਦਿਲੀ ਜਾਂ ਨਫ਼ਰਤ ਤੋਂ ਪ੍ਰੇਰਿਤ ਸੀ
- ਇਹ ਯਕੀਨ ਕਰਨ ਦੇ ਆਧਾਰ ਹਨ ਕਿ ਜੁਰਮ ਜਾਰੀ ਰਹਿਣ ਜਾਂ ਦੁਹਰਾਏ ਜਾਣ ਦੀ ਸੰਭਾਵਨਾ ਹੈ

ਨਫ਼ਰਤੀ ਜੁਰਮਾਂ ਨਾਲ ਸੰਬੰਧਿਤ ਕਰਾਊਨ ਕੌਂਸਲ ਨੂੰ ਮਿਲੀਆਂ ਸਾਰੀਆਂ ਰਿਪੋਰਟਾਂ ਐਡਮਿਨਸਟਰੇਟਿਵ ਕਰਾਊਨ ਕੌਂਸਲ ਵਲੋਂ ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ ਜਾਂ ਉਸ ਦੇ ਸੰਬੰਧਿਤ ਡਿਪਟੀ ਵਲੋਂ ਚਾਰਜ ਅਸੈੱਸਮੈਂਟ ਲਈ ਭੇਜੀਆਂ ਜਾਣੀਆਂ ਚਾਹੀਦੀਆਂ ਹਨ।

ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ ਜਾਂ ਉਸ ਦੇ ਸੰਬੰਧਿਤ ਡਿਪਟੀ ਜਾਂ ਨਿਯੁਕਤ ਸੀਨੀਅਰ ਕਰਾਊਨ ਕੌਂਸਲ ਨੂੰ ਚਾਰਜ ਅਸੈੱਸਮੈਂਟ ਬਾਰੇ ਕੋਈ ਫੈਸਲਾ ਕਰਨ ਤੋਂ ਪਹਿਲਾਂ ਨਫ਼ਰਤੀ ਜੁਰਮਾਂ ਨਾਲ ਸੰਬੰਧਿਤ ਆਪਣੇ ਰੀਜਨਲ ਰੀਸੋਰਸ ਕਰਾਊਨ ਕੌਂਸਲ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

## ਏ. ਨਫ਼ਰਤੀ ਜੁਰਮਾਂ ਦੇ ਖਾਸ ਅਪਰਾਧ – ਚਾਰਜ ਅਸੈੱਸਮੈਂਟ ਅਤੇ ਅਟਾਰਨੀ ਜਨਰਲ ਦੀ ਸਹਿਮਤੀ

### ਨਫ਼ਰਤੀ ਪ੍ਰਾਪੇਗੰਡਾ – *ਕ੍ਰਿਮੀਨਲ ਕੋਡ* ਦੇ ਸੈਕਸ਼ਨ 318 ਅਤੇ 319

*ਕ੍ਰਿਮੀਨਲ ਕੋਡ* ਦਾ ਸੈਕਸ਼ਨ 318 ਕਿਸੇ ਪਛਾਣਯੋਗ ਗਰੁੱਪ ਦੇ ਖਿਲਾਫ ਨਸਲਕੁਸ਼ੀ ਦੀ ਹਿਮਾਇਤ ਕਰਨ ਜਾਂ ਇਸ ਨੂੰ ਉਤਸ਼ਾਹ ਦੇਣ ਦੇ ਜੁਰਮ ਦੀ ਸ਼੍ਰੇਣੀ ਪੈਦਾ ਕਰਦਾ ਹੈ। ਸੈਕਸ਼ਨ 319(1) ਕਿਸੇ ਵੀ ਜਨਤਕ ਥਾਂ ’ਤੇ ਕੋਈ ਵੀ ਅਜਿਹਾ ਬਿਆਨ ਦੇਣ ਦੇ ਜੁਰਮ ਦੀ ਸ਼੍ਰੇਣੀ ਪੈਦਾ ਕਰਦਾ ਹੈ ਜਿਹੜਾ ਬਿਆਨ ਕਿਸੇ ਵੀ ਪਛਾਣਯੋਗ ਗਰੁੱਪ ਦੇ ਖਿਲਾਫ ਨਫ਼ਰਤ ਨੂੰ ਭੜਕਾਉਂਦਾ ਹੋਵੇ ਜਿੱਥੇ ਅਜਿਹੀ ਭੜਕਾਹਟ ਸ਼ਾਂਤੀ ਭੰਗ ਕਰ ਸਕਦੀ ਹੋਵੇ। ਸੈਕਸ਼ਨ 319(2) ਪ੍ਰਾਈਵੇਟ ਗੱਲਬਾਤ ਦੇ ਸਿਵਾਏ ਕੋਈ ਵੀ ਅਜਿਹੇ ਬਿਆਨਾਂ ਲਈ ਜੁਰਮ ਦੀ ਸ਼੍ਰੇਣੀ ਪੈਦਾ ਕਰਦਾ ਹੈ ਜਿਹੜੇ ਜਾਣਬੁੱਝ ਕੇ ਕਿਸੇ ਵੀ ਪਛਾਣਯੋਗ ਗਰੁੱਪ ਦੇ ਖਿਲਾਫ ਨਫ਼ਰਤ ਨੂੰ ਉਤਸ਼ਾਹ ਦਿੰਦੇ ਹੋਣ। ਇਹ ਸਾਰੀਆਂ ਸ਼੍ਰੇਣੀਆਂ “ਪਛਾਣਯੋਗ ਗਰੁੱਪ” ਦੀ ਪਰਿਭਾਸ਼ਾ “ਪਬਲਿਕ ਦੇ ਕਿਸੇ ਵੀ ਉਸ ਹਿੱਸੇ ਵਜੋਂ ਕਰਦੀਆਂ ਹਨ ਜਿਹੜਾ ਹਿੱਸਾ ਰੰਗ, ਨਸਲ, ਧਰਮ, ਦੇਸ਼, ਜਾਂ ਨਸਲੀ ਪਿਛੋਕੜ, ਉਮਰ, ਸੈਕਸ, ਕਾਮੁਕ ਰੁਚੀ, ਲਿੰਗ ਪਛਾਣ ਜਾਂ ਲਿੰਗ ਪ੍ਰਗਟਾਅ ਜਾਂ ਮਾਨਸਿਕ ਜਾਂ ਸਰੀਰਕ ਅਪਾਹਜਤਾ ਕਰਕੇ ਪਛਾਣਿਆ ਜਾਂਦਾ ਹੋਵੇ”। ਇਨ੍ਹਾਂ ਵਿੱਚੋਂ ਕਿਸੇ ਲਈ ਵੀ ਇਸ ਸਬੂਤ ਦੀ ਲੋੜ ਨਹੀਂ ਹੈ ਕਿ ਗੱਲਬਾਤ ਨੇ ਅਸਲ ਵਿਚ ਨਫ਼ਰਤ ਪੈਦਾ ਕੀਤੀ ਹੈ।

### ਅਟਾਰਨੀ ਜਨਰਲ ਦੀ ਸਹਿਮਤੀ ਦੀ ਲੋੜ ਹੈ

*ਕ੍ਰਿਮੀਨਲ ਕੋਡ* ਦੇ ਸੈਕਸ਼ਨ 318 ਅਤੇ 319(2) ਹੇਠ ਚੱਲਣ ਵਾਲੇ ਮੁਕੱਦਮਿਆਂ ਲਈ ਅਟਾਰਨੀ ਜਨਰਲ ਦੀ ਸਹਿਮਤੀ ਦੀ ਲੋੜ ਹੁੰਦੀ ਹੈ। ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ਨੂੰ ਅਟਾਰਨੀ ਜਨਰਲ ਦੀ ਤਰਫੋਂ ਲੋੜੀਂਦੀ ਸਹਿਮਤੀ ਦੇਣ ਦਾ ਅਧਿਕਾਰ ਹੈ।

ਚਾਰਜ ਲਗਾਏ ਜਾਣ ਤੋਂ ਪਹਿਲਾਂ, ਐਡਮਿਨਸਟਰੇਟਿਵ ਕਰਾਊਨ ਕੌਂਸਲ ਨੂੰ ਕਰਾਊਨ ਕੌਂਸਲ ਨੂੰ ਮਿਲੀ ਰਿਪੋਰਟ ’ਤੇ ਵਿਚਾਰ ਕਰਨੀ ਚਾਹੀਦੀ ਹੈ ਅਤੇ ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ ਜਾਂ ਉਸ ਦੇ ਸੰਬੰਧਿਤ ਡਿਪਟੀ ਨੂੰ ਸਿਫਾਰਿਸ਼ ਕਰਨੀ ਚਾਹੀਦੀ ਹੈ ਕਿ ਕੀ ਸਹਿਮਤੀ ਲੈਣ ਦੀ ਲੋੜ ਹੈ ਜਾਂ ਨਹੀਂ ਜੋ ਫੈਸਲੇ ਦੀ ਪੜਚੋਲ ਕਰਨਗੇ ਅਤੇ ਜੇ ਢੁਕਵਾਂ ਹੋਵੇ ਤਾਂ ਅਟਾਰਨੀ ਜਰਨਲ ਦੀ ਸਹਿਮਤੀ ਲੈਣ ਲਈ ਸਿਫਾਰਸ਼ ਕਰਨਗੇ।

### ਨਫ਼ਰਤ ਤੋਂ ਪ੍ਰੇਰਿਤ ਨੁਕਸਾਨ – ਧਾਰਮਿਕ ਪੂਜਾ ਲਈ ਪ੍ਰਾਪਰਟੀ ਅਤੇ ਪਛਾਣਯੋਗ ਗਰੁੱਪਾਂ ਵਲੋਂ ਵਰਤੋਂ

*ਕ੍ਰਿਮੀਨਲ ਕੋਡ* ਦਾ ਸੈਕਸ਼ਨ 430(4.1) ਪੈਰ੍ਹਾ (4.101)(ਏ) ਤੋਂ (ਡੀ) ਵਿਚ ਦੱਸੀ ਗਈ ਪ੍ਰਾਪਰਟੀ ਨਾਲ ਸੰਬੰਧਿਤ ਕੀਤੇ ਜਾਣ ਵਾਲੇ ਨੁਕਸਾਨ ਲਈ ਹਾਈਬਰੈੱਡ ਜੁਰਮ ਦੀ ਸ਼੍ਰੇਣੀ ਪੈਦਾ ਕਰਦਾ ਹੈ ਜੇ ਨੁਕਸਾਨ ਦਾ ਕੰਮ “ਰੰਗ, ਨਸਲ, ਧਰਮ, ਦੇਸ਼ ਜਾਂ ਨਸਲੀ ਪਿਛੋਕੜ, ਉਮਰ, ਸੈਕਸ, ਕਾਮੁਕ ਰੁਚੀ, ਲਿੰਗ ਪਛਾਣ ਜਾਂ ਲਿੰਗ ਪ੍ਰਗਟਾਅ ਜਾਂ ਮਾਨਸਿਕ ਜਾਂ ਸਰੀਰਕ ਅਪਾਹਜਤਾ ਦੇ ਆਧਾਰ ’ਤੇ ਪੱਖਪਾਤ, ਤੰਗਦਿਲੀ ਜਾਂ ਨਫ਼ਰਤ ਤੋਂ ਪ੍ਰੇਰਿਤ” ਹੈ। ਪੈਰ੍ਹਿਆਂ (4.101)(ਏ) ਤੋਂ (ਡੀ) ਵਿਚ ਦੱਸੀ ਗਈ ਪ੍ਰਾਪਰਟੀ ਦੀਆਂ ਕਿਸਮਾਂ ਵਿਚ ਕੋਈ ਅਜਿਹੀ ਬਿਲਡਿੰਗ ਜਾਂ ਢਾਂਚਾ ਸ਼ਾਮਲ ਹੈ (ਇਸ ਦੇ ਨਾਲ ਨਾਲ ਬਿਲਡਿੰਗ ਜਾਂ ਢਾਂਚੇ ਵਿਚ ਜਾਂ ਗਰਾਊਂਡਾਂ ਉੱਪਰਲੀ ਕੋਈ ਵੀ ਚੀਜ਼ ਸ਼ਾਮਲ ਹੈ) ਜਿਹੜੀ ਕਿ ਮੁੱਖ ਤੌਰ ’ਤੇ ਧਾਰਮਿਕ ਪੂਜਾ ਲਈ ਵਰਤੀ ਜਾਂਦੀ ਹੈ (4.101(ਏ)), ਜਾਂ ਕੋਈ ਅਜਿਹੀ ਬਿਲਡਿੰਗ ਜਾਂ ਢਾਂਚਾ ਸ਼ਾਮਲ ਹੈ (ਇਸ ਦੇ ਨਾਲ ਨਾਲ ਬਿਲਡਿੰਗ ਜਾਂ ਢਾਂਚੇ ਵਿਚ ਜਾਂ ਗਰਾਊਂਡਾਂ ਉੱਪਰਲੀ ਕੋਈ ਵੀ ਚੀਜ਼ ਸ਼ਾਮਲ ਹੈ) ਜਿਹੜੀ ਕਿ ਮੁੱਖ ਤੌਰ ’ਤੇ ਸਬਸੈਕਸ਼ਨ 318(4) ਵਿਚ ਦੱਸੇ ਗਏ ਪਛਾਣਯੋਗ ਗਰੁੱਪ ਵਲੋਂ ਵਿਦਿਅਕ ਸੰਸਥਾ ਵਜੋਂ ਵਰਤੀ ਜਾਂਦੀ ਹੈ (4.101 (ਬੀ)), ਜਾਂ ਪ੍ਰੰਬਧਕੀ, ਸਮਾਜਿਕ, ਸਭਿਆਚਾਰਕ, ਜਾਂ ਖੇਡਾਂ ਦੀਆਂ ਸਰਗਰਮੀਆਂ ਜਾਂ ਪ੍ਰੋਗਰਾਮਾਂ ਲਈ ਵਰਤੀ ਜਾਦੀ ਹੈ (4.101 (ਸੀ)), ਜਾਂ ਬਜ਼ੁਰਗਾਂ ਦੀ ਰਿਹਾਇਸ਼ ਵਜੋਂ ਵਰਤੀ ਜਾਂਦੀ ਹੈ (4.101 (ਡੀ))।

## ਬੀ. ਨਫ਼ਰਤ ਤੋਂ ਪ੍ਰੇਰਿਤ ਸਾਰੇ ਜੁਰਮਾਂ ਲਈ – ਸਜ਼ਾ ਲਈ ਗੰਭੀਰ ਪੱਖ

ਸਾਰੇ ਜੁਰਮਾਂ ਲਈ ਸਜ਼ਾ ਦੀਆਂ ਕਾਰਵਾਈਆਂ ਵਿਚ, ਜਿੱਥੇ ਕਰਾਊਨ ਕੌਂਸਲ ਇਹ ਸਿੱਟਾ ਕੱਢਦਾ ਹੈ ਕਿ ਇਸ ਚੀਜ਼ ਦੀ ਵਾਜਬ ਸੰਭਾਵਨਾ ਹੈ ਕਿ ਅਦਾਲਤ ਇਹ ਫੈਸਲਾ ਕਰੇਗੀ ਕਿ ਜੁਰਮ "ਨਸਲ, ਦੇਸ਼ ਜਾਂ ਨਸਲੀ ਪਿਛੋਕੜ, ਬੋਲੀ, ਰੰਗ, ਧਰਮ, ਸੈਕਸ, ਉਮਰ, ਮਾਨਸਿਕ ਜਾਂ ਸਰੀਰਕ ਅਪਾਹਜਤਾ, ਕਾਮੁਕ ਰੁਚੀ, ਲਿੰਗ ਪਛਾਣ ਜਾਂ ਲਿੰਗ ਪ੍ਰਗਟਾਅ ਜਾਂ ਇਸ ਤਰ੍ਹਾਂ ਦੇ ਕਿਸੇ ਵੀ ਹੋਰ ਪੱਖ ਦੇ ਆਧਾਰ 'ਤੇ ਪੱਖਪਾਤ, ਤੰਗਦਿਲੀ ਜਾਂ ਨਫ਼ਰਤ ਤੋਂ ਪ੍ਰੇਰਿਤ" ਸੀ ਤਾਂ ਕਰਾਊਨ ਕੌਂਸਲ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਜੁਰਮ ਦੇ ਕਾਰਨ ਨੂੰ ਇਕ ਵਾਜਬ ਸ਼ੱਕ ਤੋਂ ਅੱਗੇ ਸਾਬਤ ਕਰਨ ਲਈ ਲੋੜੀਂਦਾ ਸਬੂਤ ਅਦਾਲਤ ਨੂੰ ਦਿੱਤਾ ਗਿਆ ਹੈ ਅਤੇ ਜੇ ਇਹ ਸਬੂਤ ਪ੍ਰਵਾਨ ਕਰ ਲਿਆ ਗਿਆ ਹੈ ਤਾਂ ਸਜ਼ਾ ਬਾਰੇ ਇਹ ਸਟੈਂਡ ਲੈਣਾ ਚਾਹੀਦਾ ਹੈ ਕਿ ਪ੍ਰੇਰਨਾ ਨੂੰ *ਕ੍ਰਿਮੀਨਲ ਕੋਡ* ਦੇ ਸੈਕਸ਼ਨ 718.2(ਏ)(i) ਹੇਠ ਕਾਨੂੰਨੀ ਤੌਰ 'ਤੇ ਲਾਗੂ ਹੋਣ ਵਾਲੀ ਸਜ਼ਾ ਦੇ ਲਾਜ਼ਮੀ ਗੰਭੀਰ ਪੱਖ ਵਜੋਂ ਲਿਆ ਜਾਵੇ।

ਜਿੱਥੇ, ਸੈਕਸ਼ਨ 318, 319(1), 319(2) ਜਾਂ 430(4.1) ਹੇਠ ਕਿਸੇ ਖਾਸ ਜੁਰਮ ਦੇ ਮੁਕੱਦਮੇ ਵਿਚ ਪੱਖਪਾਤ, ਤੰਗਦਿਲੀ ਜਾਂ ਨਫ਼ਰਤ ਦੀ ਪ੍ਰੇਰਨਾ ਦਾ ਸਬੂਤ ਉਸ ਤੋਂ ਅੱਗੇ ਸੀ ਜਿਸ ਦੀ ਜੁਰਮ ਦੇ ਪੱਖਾਂ ਨੂੰ ਦਿਖਾਉਣ ਲਈ ਲੋੜ ਸੀ, ਉੱਥੇ ਕਰਾਊਨ ਕੌਂਸਲ ਨੂੰ ਅਦਾਲਤ ਕੋਲ ਇਹ ਪੇਸ਼ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਕਿ *ਕ੍ਰਿਮੀਨਲ ਕੋਡ* ਦੇ ਸੈਕਸ਼ਨ 718.2(ਏ) (i) ਹੇਠ ਵਾਧੂ ਪ੍ਰੇਰਨਾ ਇਕ ਗੰਭੀਰ ਪੱਖ ਹੈ। ਇਹ ਵੱਖਰੇ ਗੰਭੀਰ ਹਾਲਾਤ ਹੋ ਸਕਦੇ ਹਨ ਭਾਵੇਂ ਕਿ ਜੁਰਮ ਪਹਿਲਾਂ ਹੀ ਨਫ਼ਰਤ ਵਾਲਾ ਹੈ।

## ਸੀ. ਪੀੜਿਤ 'ਤੇ ਅਸਰ ਦੇ ਬਿਆਨ ਅਤੇ ਕਮਿਉਨਟੀ 'ਤੇ ਅਸਰ ਦੇ ਬਿਆਨ

ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਕਰਾਊਨ ਕੌਂਸਲ ਨੂੰ *ਕ੍ਰਿਮੀਨਲ ਕੋਡ* ਦੇ ਸੈਕਸ਼ਨ 722 ਅਨੁਸਾਰ, *ਵਿਕਟਿਮਜ਼ ਔਫ ਕਰਾਇਮ – ਪ੍ਰੋਵਾਈਡਿੰਗ ਅਸਿਸਟੈਂਸ ਐਂਡ ਇਨਫਰਮੇਸ਼ਨ ਟੂ* (ਵੀ ਆਈ ਸੀ 1) ਅਤੇ *(ਵੋਲਨਰੇਬਲ ਵਿਕਟਿਮਜ਼ ਐਂਡ ਵਿਟਨੈੱਸਿਜ਼ – ਅਡੱਲਟਸ* (ਵੀ ਯੂ ਐੱਲ 1) ਦੀਆਂ ਪਾਲਸੀਆਂ ਦੇ ਮੁਤਾਬਕ ਪੀੜਿਤ 'ਤੇ ਅਸਰ ਦਾ ਬਿਆਨ (ਵਿਕਟਿਮ ਇਮਪੈਕਟ ਸਟੇਟਮੈਂਟ) ਲੈਣ ਦਾ ਯਤਨ ਕਰਨਾ ਚਾਹੀਦਾ ਹੈ।

ਇਸ ਦੇ ਇਲਾਵਾ, *ਕ੍ਰਿਮੀਨਲ ਕੋਡ* ਦੇ ਸੈਕਸ਼ਨ 722.2 ਅਨੁਸਾਰ, "ਕਮਿਉਨਟੀ ਦੀ ਤਰਫੋਂ ਕੋਈ ਵਿਅਕਤੀ" ਕੋਰਟ ਰਜਿਸਟਰੀ ਵਿਚ ਕਮਿਉਨਟੀ 'ਤੇ ਅਸਰ ਦਾ ਬਿਆਨ ਦਰਜ ਕਰਵਾ ਸਕਦਾ ਹੈ। ਅਸਰ ਦੇ ਅਜਿਹੇ ਬਿਆਨ ਇਹ ਪੱਕਾ ਕਰਨ ਲਈ ਖਾਸ ਤੌਰ 'ਤੇ ਮਦਦ ਕਰਨ ਵਾਲੇ ਹੋ ਸਕਦੇ ਹਨ ਕਿ ਸਜ਼ਾ ਦੇਣ ਵਾਲੀਆਂ ਅਦਾਲਤਾਂ ਨਫ਼ਰਤੀ ਜੁਰਮਾਂ ਦੇ ਸਮਾਜਿਕ ਅਸਰਾਂ ਤੋਂ ਪੂਰੀ ਤਰ੍ਹਾਂ ਜਾਣੂ ਹਨ।

## ਡੀ. ਨਫ਼ਰਤੀ ਪ੍ਰਾਪੇਗੰਡੇ ਨੂੰ ਹਟਾਉਣਾ – *ਇਨ ਰੇਮ* ਧਾਰਾਵਾਂ

*ਕ੍ਰਿਮੀਨਲ ਕੋਡ* ਦੇ ਸੈਕਸ਼ਨ 320 ਅਤੇ 320.1 *ਇਨ ਰੇਮ* ਧਾਰਾਵਾਂ ਪੈਦਾ ਕਰਦੇ ਹਨ ਜਿਸ ਨਾਲ ਅਦਾਲਤ ਨਫ਼ਰਤੀ ਪ੍ਰਾਪੇਗੰਡੇ ਨੂੰ ਮਿਟਾਉਣ ਅਤੇ ਨਸ਼ਟ ਕਰਨ ਦਾ ਆਰਡਰ ਦਿੰਦੀ ਹੈ ਜਦੋਂ ਅਜਿਹੀ ਸਾਮੱਗਰੀ ਕਿਸੇ ਛਪੀ ਲਿਖਤ ਵਿਚ ਹੁੰਦੀ ਹੈ ਜਿਹੜੀ ਵਿਕਰੀ ਲਈ ਜਾਂ ਵੰਡਣ ਲਈ ਰੱਖੀ ਗਈ ਹੁੰਦੀ ਹੈ ਜਾਂ ਅਜਿਹੇ ਕੰਪਿਊਟਰ ਸਿਸਟਮ ਵਿਚ ਸਟੋਰ ਕੀਤੀ ਗਈ ਹੁੰਦੀ ਹੈ ਜਿਹੜਾ ਅਜਿਹੀ ਸਾਮੱਗਰੀ ਲੋਕਾਂ ਲਈ ਉਪਲਬਧ ਕਰਵਾਉਂਦਾ ਹੈ। ਇਨ੍ਹਾਂ ਸੈਕਸ਼ਨਾਂ ਲਈ ਕਿਉਂਕਿ ਅਟਾਰਨੀ ਜਨਰਲ ਦੀ ਸਹਿਮਤੀ ਦੀ ਲੋੜ ਹੁੰਦੀ ਹੈ, ਐਡਮਿਨਸਟਰੇਟਿਵ ਕਰਾਊਨ ਕੌਂਸਲ ਨੂੰ ਮਾਮਲੇ 'ਤੇ ਵਿਚਾਰ ਕਰਨੀ ਚਾਹੀਦੀ ਹੈ ਅਤੇ ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ ਜਾਂ ਉਸ ਦੇ ਸੰਬੰਧਿਤ ਡਿਪਟੀ ਨੂੰ ਸਿਫਾਰਸ਼ ਕਰਨੀ ਚਾਹੀਦੀ ਹੈ ਕਿ ਕੀ ਸਹਿਮਤੀ ਲੈਣ ਦੀ ਲੋੜ ਹੈ ਜਾਂ ਨਹੀਂ। ਫਿਰ ਉਹ ਸਿਫਾਰਸ਼ 'ਤੇ ਵਿਚਾਰ ਕਰਨਗੇ ਅਤੇ ਜੇ ਢੁਕਵਾਂ ਹੋਵੇ ਤਾਂ ਅਸਿਸਟੈਂਟ ਡਿਪਟੀ ਅਟਾਰਨੀ ਜਰਨਲ ਦੀ ਸਹਿਮਤੀ ਮੰਗਣਗੇ।

## ਈ. ਬਦਲਵੇਂ ਉਪਾ

ਬਾਲਗਾਂ ਅਤੇ ਜਵਾਨ ਵਿਅਕਤੀਆਂ ਲਈ, ਪਾਲਸੀਆਂ, *ਅਲਟਰਨੇਟਿਵ ਮਈਅਰਜ਼ ਫਾਰ ਅਡੱਲਟ ਓਫੈਂਡਰਜ਼ (ਏ ਐੱਲ ਟੀ 1)* ਅਤੇ *ਯੂਥ ਕ੍ਰਿਮੀਨਲ ਜਸਟਿਸ ਐਕਟ –ਐਕਸਟਰਾਜੁਡੀਸ਼ੀਅਲ ਮਈਅਰਜ਼* (ਵਾਈ ਓ ਯੂ 1.4) ਸਾਰੇ ਨਫ਼ਰਤੀ ਜੁਰਮਾਂ ’ਤੇ ਲਾਗੂ ਹੁੰਦੀਆਂ ਹਨ। ਉਨ੍ਹਾਂ ਦੀਆਂ ਆਮ ਸ਼ਰਤਾਂ ਤੋਂ ਇਲਾਵਾ, ਪਾਲਸੀਆਂ ਏ ਐੱਲ ਟੀ 1 ਅਤੇ ਵਾਈ ਓ ਯੂ 1.4 ਨਫ਼ਰਤੀ ਜੁਰਮਾਂ ਲਈ ਬਦਲਵੇਂ ਉਪਾਵਾਂ ਦੀ ਮਨਜ਼ੂਰੀ ਲਈ ਅੱਗੇ ਲਿਖੀ ਖਾਸ ਸੇਧ ਪ੍ਰਦਾਨ ਕਰਦੀਆਂ ਹਨ (ਏ ਐੱਲ ਟੀ 1 ਵਿੱਚੋਂ ਟੂਕ):

> *“ਕਿਸੇ ਵਿਅਕਤੀ ਦੀ ਬਦਲਵੇਂ ਉਪਾਵਾਂ ਲਈ ਵਿਚਾਰ ਕੀਤੇ ਜਾਣ ਵਾਲੀ ਰੈਫਰਲ ਨੂੰ ਅਤੇ ਬਦਲਵੇਂ ਉਪਾਵਾਂ ਦੀ ਕਿਸੇ ਰਿਪੋਰਟ ਵਿਚ ਸਿਫਾਰਸ਼ ਕੀਤੇ ਗਏ ਖਾਸ ਬਦਲਵੇਂ ਉਪਾਵਾਂ ਨੂੰ ਵੀ ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ ਜਾਂ ਉਸ ਦੇ ਸੰਬੰਧਿਤ ਡਿਪਟੀ ਵਲੋਂ ਪ੍ਰਵਾਨ ਕੀਤੇ ਜਾਣਾ ਜ਼ਰੂਰੀ ਹੈ।”*

ਇਸ ਦੇ ਇਲਾਵਾ, ਨਫ਼ਰਤੀ ਜੁਰਮਾਂ ਲਈ, ਅਜਿਹੀਆਂ ਮਨਜ਼ੂਰੀਆਂ ਸਿਰਫ ਤਾਂ ਹੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਜੇ ਅੱਗੇ ਲਿਖੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਹੋਣ:

- ਪਛਾਣਨਯੋਗ ਪੀੜਿਤਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਇੱਛਾਵਾਂ ’ਤੇ ਵਿਚਾਰ ਕੀਤੀ ਗਈ ਹੈ
- ਕਥਿਤ ਦੋਸ਼ੀ ਦੀ ਇਸ ਨਾਲ ਸੰਬੰਧਿਤ ਜੁਰਮਾਂ ਜਾਂ ਹਿੰਸਾ ਦੀ ਕੋਈ ਹਿਸਟਰੀ ਨਹੀਂ ਹੋਣੀ ਚਾਹੀਦੀ
- ਕਥਿਤ ਦੋਸ਼ੀ ਨੂੰ ਉਸ ਕੰਮ ਜਾਂ ਭੁੱਲ ਲਈ ਜ਼ਿੰਮੇਵਾਰੀ ਕਬੂਲਣੀ ਚਾਹੀਦੀ ਹੈ ਜਿਹੜਾ ਕਥਿਤ ਜੁਰਮ ਦਾ ਆਧਾਰ ਬਣਿਆ ਹੈ
- ਜੁਰਮ ਦੀ ਇੰਨੀ ਗੰਭੀਰ ਕਿਸਮ ਦਾ ਨਾ ਹੋਣਾ ਜ਼ਰੂਰੀ ਹੈ ਜਿਹੜਾ ਕਮਿਉਨਟੀ ਦੀ ਸੇਫਟੀ ਨੂੰ ਖਤਰੇ ਵਿਚ ਪਾਉਂਦਾ ਹੋਵੇ